TENDER HEART HIGH SCHOOL, SECTOR-33B, CHANDIGARH

Class-9 Teacher- Ramandeep Kaur

Topic-'ਪਰਤਾ ਚਾਚੀ' ਪਾਠ - 1

ਸ਼ੁੱਭ ਸਵੇਰ

ਵਿਦਿਆਰਥੀਓ ਇਸ ਹਫਤੇ ਅਸੀਂ ਨੌਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਪਰਤਾ ਚਾਚੀ' ਵਿਚਾਰਾਂਗੇ। ਇਸਦੇ ਕਹਾਣੀਕਾਰ 'ਗੁਰਬਖਸ਼ ਸਿੰਘ ਪ੍ਰੀਤ ਲੜੀ' ਹਨ। ਇਹ ਕਹਾਣੀ ਤੁਹਾਡੀ ਪਾਠ-ਪੁਸਤਕ ਕਾਵਿ-ਕਥਾ ਸੰਵੇਦਨਾ ਵਿੱਚ ਦਰਜ ਹੈ।

ਤੁਸੀਂ ਇਸ ਆਡੀਓ ਨੂੰ ਧਿਆਨ ਨਾਲ ਸੁਣਨਾ ਹੈ ਅਤੇ ਕਹਾਣੀ ਦੇ ਵਿਸ਼ੇ ਨੂੰ ਸਮਝਣਾ ਹੈ।

ਅਸੀਂ ਪਿਛਲੇ ਹਫਤੇ ਸਾਰੀ ਕਹਾਣੀ ਵਿਚਾਰੀ ਸੀ। ਮੇਜਰ ਸਾਹਿਬ ਕਹਾਣੀ ਦਾ ਮੁੱਖ ਪਾਤਰ ਕਿਵੇਂ ਕਹਾਣੀ ਵਿੱਚ ਵਿਚਰਦੇ ਹਨ ਅਤੇ ਸਾਰੀਆਂ ਸਵਾਰੀਆਂ ਦੇ ਦਿਲਾਂ ਵਿੱਚ ਪਿਆਰ ਕਰਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਕਹਾਣੀਕਾਰ ਸਾਨੂੰ ਕੀ ਦੱਸਣਾ ਚਾਹੁੰਦਾ ਹੈ।
ਆਓ ਇਸ ਹਫਤੇ ਕਹਾਣੀ ਦੇ ਕੁੱਝ ਖਾਸ ਪਹਿਲੂ ਵਿਚਾਰਦੇ ਹਾਂ।

★ ਮੇਜਰ ਸਾਹਿਬ ਸਾਨੂੰ ਸਾਂਝੀਵਾਲਤਾ ਅਤੇ ਮਨੁੱਖਤਾ ਦੀ ਕਦਰ ਕਰਨ ਦਾ ਸੰਦੇਸ਼ ਦਿੰਦੇ ਹਨ।

★ ਸਾਡੇ ਸਮਾਜ ਵਿੱਚੋਂ ਵਿਤਕਰੇ ਦੀ ਭਾਵਨਾ ਦਾ ਖਾਤਮਾ ਹੋਣਾ ਚਾਹੀਦਾ ਹੈ। ਜਿਵੇਂ ਮੇਜਰ ਸਾਹਿਬ ਨੂੰ ਤੀਜੇ ਦਰਜੇ ਦੇ ਮੁਸਾਫਰ ਬਹੁਤ ਵਧੀਆ

Class-9 Teacher- Ramandeep kaur

Topic-'ਚਤੁਰ ਪਾਂਧੀ' ਪਾਠ-1

ਲੱਗੇ।

★ ਸਾਨੂੰ ਹਰ ਪਾਸੇ ਖੁਸ਼ੀਆਂ ਵੰਡਣੀਆਂ ਚਾਹੀਦੀਆਂ ਹਨ।

★ ਸਾਨੂੰ ਮਦਦਗਾਰ ਬਣਨਾ ਚਾਹੀਦਾ ਹੈ। ਜਿੰਨੀ ਹੋ ਸਕੇ ਦੂਜੇ ਦੀ ਮਦਦ ਕਰਨੀ ਚਾਹੀਦੀ ਹੈ।

★ ਸਾਨੂੰ ਮਤਲਬੀ ਨਹੀਂ ਹੋਣਾ ਚਾਹੀਦਾ। ਜਿਵੇਂ ਪਹਿਲੇ ਦਰਜੇ ਦੀਆਂ ਸਾਰੀਆਂ ਸਵਾਰੀਆਂ ਸਿਰਫ ਆਪਣਾ - ਆਪਣਾ ਮਤਲਬ ਪੂਰਾ ਕਰ ਰਹੀਆਂ ਸਨ।

★ ਸਾਡੇ ਸਮਾਜ ਵਿੱਚ ਸਾਰਿਆਂ ਦਾ ਸੁਭਾਅ ਸੋਜਨ ਸਾਹਿਬ ਵਰਗਾ ਦਿਆਲੂ ਹੋਣਾ ਚਾਹੀਦਾ ਹੈ।

★ ਜੇ ਹਰ ਪਾਸੇ ਖੁਸ਼ਤਬੀਅਤ ਤੇ ਹੋਣਹਾਰੀ ਮਨੁੱਖ ਹੋਣਗੇ ਤਾਂ ਸਾਡਾ ਸਮਾਜ ਧਰਤੀ ਤੇ ਸਵਰਗ ਬਣ ਜਾਵੇਗਾ।

★ ਜੇਕਰ ਵਿਚਾਰੇ ਗਏ ਸਾਰੇ ਪਹਿਲੂ ਅਸੀਂ ਅਪਣਾ ਲਈਏ ਤਾਂ ਸਾਡਾ ਦੇਸ਼ ਬਹੁਤ ਤਰੱਕੀ ਕਰੇਗਾ। ਸਾਨੂੰ ਆਪਣੇ ਮਨ ਵਿੱਚੋਂ ਮੈਂ / ਹਉਮੈ ਨੂੰ ਹਮੇਸ਼ਾਂ ਲਈ ਖਤਮ ਕਰਨਾ ਚਾਹੀਦਾ ਹੈ।

Class-9    Teacher- Ramandeep Kaur

Topic- 'ਪਰਤਾ ਪਾਂਧੀ'    ਪਾਠ - 1

★ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖਣੇ ਹਨ।

1. ਮੇਜਰ ਸਾਹਿਬ ਦੇ ਸੁਭਾਅ ਬਾਰੇ ਲਿਖੋ।

2. ਮੇਜਰ ਸਾਹਿਬ ਨੇ ਕਿਹੜੇ ਦਰਜੇ ਵਿੱਚ ਸਫਰ ਕੀਤਾ?

3. ਕਹਾਣੀ ਵਿੱਚ ਉਹਨਾਂ ਨੇ ਕਿਹੜੇ ਮੁਸਾਫਰਾਂ ਦੀ ਮਦਦ ਕੀਤੀ?

4. ਪਹਿਲੇ ਦਰਜੇ ਦੇ ਡੱਬੇ ਨੂੰ ਉਹ ਕਿਹੜਾ ਡੱਬਾ ਕਹਿੰਦੇ ਸਨ?

ਉਮੀਦ ਹੈ ਤੁਸੀਂ ਉੱਤਰ ਲਿਖ ਲਏ ਹੋਣਗੇ।

ਆਓ ਪਹਿਲਾਂ ਉੱਤਰ ਵਿਚਾਰੀਏ।

1. ਮੇਜਰ ਸਾਹਿਬ ਕਹਾਣੀ ਦੇ ਮੁੱਖ ਪਾਤਰ ਹਨ। ਉਹ ਇੱਕ ਸੱਜਣ ਮਨੁੱਖ, ਮਦਦਗਾਰ, ਦਿਆਲੂ, ਖੁਸ਼ਤਬੀਅਤ, ਰੌਣਕੀ ਅਤੇ ਆਪਸੀ ਭਾਈਚਾਰਾ ਰੱਖਣ ਵਾਲੇ ਸੱਜਣ ਮਨੁੱਖ।

2. ਮੇਜਰ ਸਾਹਿਬ ਨੇ ਤੀਜੇ ਦਰਜੇ ਵਿੱਚ ਸਫਰ ਕੀਤਾ।

3. ਕਹਾਣੀ ਵਿੱਚ ਉਹਨਾਂ ਨੇ ਮੋਟੇ ਆਦਮੀ ਨੂੰ ਸੀਟ ਦਵਾਈ, ਦੋ ਹੋਰ ਸਵਾਰੀਆਂ ਦੇ ਬੈਠਣ ਅਤੇ

Class-9 Teacher- Ramandeep kaur

Topic-'ਪਹੁਤਾ ਪਾਧੀ' ਪਾਠ-1

ਸਮਾਨ ਰੱਖਣ ਨੂੰ ਥਾਂ ਬਣਾਈ, ਮੁਸਾਫ਼ਰਾਂ ਨੂੰ ਗਰਮੀ ਵਿੱਚ ਸ਼ਿਕੰਜਵੀ ਪਿਲਾਈ, ਇੱਕ ਸਵਾਰੀ ਨੂੰ ਸਿਗਰਟ ਪੀਣ ਲਈ ਚੰਗੀ ਸਲਾਹ ਦਿੱਤੀ, ਜੰਗਲੇ ਨਾਲ ਲਟਕਦੇ ਇੱਕ ਬੰਦੇ ਨੂੰ ਆਪਣੀ ਪਹਿਲੇ ਦਰਜੇ ਦੀ ਸੀਟ ਦਿੱਤੀ।

4. ਪਹਿਲੇ ਦਰਜੇ ਦੇ ਡੱਬੇ ਨੂੰ ਉਹ ਪ ਸਾਹਿਬਾਂ ਦਾ ਡੱਬਾ ਕਹਿੰਦੇ ਸਨ। ਕੋਈ ਕਿਸੇ ਨਾਲ ਗੱਲ ਨਹੀਂ ਕਰਦਾ ਸੀ। ਸੁੰਨਸਾਨ ਜਿਵੇਂ ਕਿਸੇ ਦਾ ਪਿਓ ਮਰ ਗਿਆ ਹੋਵੇ।

ਆਓ ਹੁਣ ਇਸ ਕਹਾਣੀ ਦੇ ਔਖੇ ਸ਼ਬਦਾਂ ਦੇ ਅਰਥ ਵਿਚਾਰਦੇ ਹਾਂ। ਇਹਨਾਂ ਨੂੰ ਸਮਝਣ ਤੋਂ ਬਾਅਦ ਤੁਸੀਂ ਕਹਾਣੀ ਦਾ ਵਿਸ਼ਾ ਸੌਖੇ ਸਮਝੋਗੇ।

1. ਪਾਂਧੀ - ਮੁਸਾਫ਼ਰ
2. ਖਚਾ-ਖਚ - ਬਹੁਤ ਭੀੜ
3. ਭੌਂ ਭੁਆ ਕੇ - ਗੇੜਾ ਖਾ ਕੇ
4. ਨਿਮੋਝੂਣਾ - ਉਦਾਸ
5. ਢੋ - ਸਹਾਰਾ
6. ਖਿਝਕੇ ਛੱਡਿਆ - ਗੁੱਸੇ ਵਿੱਚ ਬੋਲਣਾ

Class-9 Teacher- Ramandeep Kaur

Topic-'ਪਰਤਾ ਪਾਂਧੀ' ਪਾਠ - 1

7. ਤਰਲੇ ਕੀਤਾ - ਮਿੰਨਤਾਂ ਕਰਨੀਆਂ।

8 ਸਬਾਬ - ਸਵਾਰੀਆਂ ਦਾ ਸਮਾਨ

9. ਬੂਹਾ - ਦਰਵਾਜ਼ਾ

10 ਨੱਕ ਵੱਜਣਾ - ਨੱਕ ਤੇ ਹੱਥ ਰੱਖਣਾ।

11 ਪਲਟੇ - ਦੌਰੇ

12 ਝੋਲੀ ਅੱਡਣਾ - ਕਮੀਜ਼ ਦਾ ਪੱਲਾ ਅੱਗੇ ਕਰਨਾ।

13 ਰੰਗ ਰਹਿਣਾ - ਹੈਰਾਨ ਰਹਿ ਜਾਣਾ

14 ਕਾਹਲੀ - ਕਾਹਲੀ - ਛੇਤੀ - ਛੇਤੀ

15 ਨਿਕ - ਸੁੱਕ - ਥੋੜ੍ਹਾ ਬਹੁਤ ਸਮਾਨ

16 ਐਤਰੀ - ਇਸ ਵਾਰੀ

17 ਰੂਹ ਨਿਕਲ ਗਈ - ਆਤਮਾ ਨਿਕਲ ਗਈ।

18 ਭਾਂ - ਭਾਂ ਕਰਨਾ - ਖਾਲੀ - ਖਾਲੀ ਮਹਿਸੂਸ ਹੋਣਾ।

ਤੁਸੀਂ ਇਸ ਕਹਾਣੀ ਨੂੰ ਚੰਗੀ ਤਰ੍ਹਾਂ ਪੜ੍ਹਨਾ ਹੈ ਅਤੇ ਸ਼ਬਦ / ਅਰਥਾਂ ਨੂੰ ਯਾਦ ਕਰਕੇ ਲਿਖਣਾ ਹੈ।

ਧੰਨਵਾਦ

(Last page)